


www.PunjabiLibrary.com

# ਇੱਕ ਕਹਾਣੀ

## ਭਾਗ : ਦੂਸਰਾ

ਸਵੇਰੇ ਹੀ ਮੀਂਹ ਪੈਣਾਂ ਸ਼ੁਰੂ ਹੋ ਗਿਆ ਤੇ ਗਿਆਰਾਂ ਵਜੇ ਤੀਕ ਰੁਕਣ ਦਾ ਨਾਂ ਹੀ ਨਾ ਲਿਆ, ਥੋੜ੍ਹਾ ਕੁ ਖੇਤ ਵੀ ਕੰਮ ਸੀ ਜਿਸ ਕਰਕੇ ਸੁਖ ਅੱਜ ਸ਼ਹਿਰ ਨਾ ਗਿਆ, ਅਲਫ਼ਨੂਰ ਦੇ ਸਵੇਰੇ ਦੇ ਦੋ ਤਿੰਨ ਫੋਨ ਆ ਚੁੱਕੇ ਸਨ ਤੇ ਮੈਸ਼ਜਾਂ ਦਾ ਤਾਂ ਕੋਈ ਅੰਤ ਹੈ ਹੀ ਨਹੀਂ ਸੀ,ਸੁਖ ਨੇ ਕੁਝ ਸਮਾਂ ਕੱਢ ਅਲਫ਼ਨੂਰ ਨੂੰ ਫੋਨ ਕਰਕੇ ਦੱਸ ਦਿੱਤਾ ਕਿ ਉਹ ਖੇਤ ਕੰਮ ਕਰ ਰਿਹਾ ਹੈ ਜਿਸ ਕਰਕੇ ਉਹ ਬਾਅਦ ਵਿੱਚ ਖੁਦ ਹੀ ਫੋਨ ਕਰ ਲਵੇਗਾ, ਸੁਖ ਖੇਤੋਂ ਤਿੰਨ ਕੁ ਵਜੇ ਕੰਮ ਨਿਬੇੜ ਘਰ ਨੂੰ ਚੱਲ ਪਿਆ, ਰਿਸ਼ਤੇ ਵਿੱਚ ਹੀ ਉਸਨੂੰ ਖ਼ਿਆਲ ਆਇਆ ਕਿ ਕੱਲ੍ਹ ਨੂੰ ਐਤਵਾਰ ਹੈ ਤੇ ਸਾਰਾ ਬਜ਼ਾਰ ਬੰਦ ਹੋਊ,ਨਾ ਹੀ ਘਰ ਕੋਈ ਕੰਮ ਹੈ ਤੇ ਚੰਨਨ ਨੇ ਵੀ ਫੋਨ ਨਹੀਂ ਕੀਤਾ ਹਲੇ ਤੀਕ, ਕਿਉਂ ਨਾ ਘਰ ਜਾ ਮਾਂ ਨੂੰ ਕਿਸੇ ਕੰਮ ਦਾ ਬਹਾਨਾ ਲਾ ਅਲਫ਼ਨੂਰ ਕੋਲ਼ ਚਲਾ ਜਾਵਾਂ... ਸੋਚਦਾ ਸੋਚਦਾ ਸੁਖ ਘਰ ਪਹੁੰਚ ਗਿਆ,ਘਰ ਪਹੁੰਚਦੇ ਹੀ ਮਾਂ ਨੂੰ ਕਹਿ ਦਿੱਤਾ ਕਿ ਮਾਂ ਅੱਜ ਕੰਪਨੀ ਵਾਲਿਆਂ ਦਾ ਫੋਨ ਆਇਆ ਸੀ ਉਹਨਾਂ ਨੇ ਜ਼ਰੂਰੀ ਮੀਟਿੰਗ ਲਈ ਬੁਲਾਇਆ ਹੈ ਤੇ ਮੈਨੂੰ ਅੱਜ ਹੀ ਜਾਣਾਂ ਪੈਣਾਂ ਹੈ, ਮਾਂ ਨੇ ਕਿਹਾ ਕੋਈ ਨਹੀਂ ਪੁੱਤ ਮੈਂ ਤੇਰੇ ਕੱਪੜੇ ਲੀੜੇ ਬੈੱਗ ਵਿਚ ਸੈੱਟ ਕਰ ਦੇਣੀ ਆ ਤੇ ਤੂੰ ਨਹਾ ਆ, ਨਾਲ਼ੇ ਮੈ ਦੁਪਹਿਰ ਦੀ ਰੋਟੀ ਬਣਾਉਣ ਹੀ ਲੱਗਦੀ ਸੀ ਤੂੰ ਗਰਨ ਦਿੰਨੇ ਨਹਾ ਕੇ ਆ ਕੇ ਖਾ ਲਵੀਂ,ਸੁਖ ਨਹਾਉਣ ਚਲਾ ਗਿਆ, ਮਾਂ ਨੇ ਮੋਟੀ ਮੋਟੀ ਪ੍ਰੈਸ ਮਾਰ ਦੋ ਸੂਟ ਸੁਖ ਦੇ ਪ੍ਰੈੱਸ ਕਰ ਦਿੱਤੇ ਤੇ ਰੋਟੀ ਬਣਾਉਣ ਲੱਗ ਗਈ,ਐਨੇ ਵਿਚ ਸੁਖ ਨਹਾ ਕੇ ਆ ਗਿਆ, ਮਾਂ ਨੇ ਕਿਹਾ ਪੁੱਤ ਕੱਪੜੇ ਬੈੱਡ ਤੇ ਹੀ ਪਏ ਨੇ, ਤੂੰ ਪਹਿਲਾਂ ਰੋਟੀ ਖਾ ਲਾ, ਸੁਖ ਨੇ ਜ਼ਲਦੀ ਜ਼ਲਦੀ ਰੋਟੀ ਖਾਈ ਤੇ ਚਾਰ ਵਜੇ ਵਾਲੀ ਸਿੱਧੀ ਬੱਸ ਫੜ ਲਈ ਜੋ ਕਿ ਚਾਰ ਪੰਜ ਘੰਟੇ ਵਿਚ ਹੀ ਪਹੁੰਚਾ ਦੇਂਦੀ ਸੀ,ਬੱਸ ਵਿਚ ਕਾਫ਼ੀ ਭੀੜ ਸੀ, ਪਰ ਬਿਲਕੁਲ ਮਗਰ ਇੱਕ ਸੀਟ ਖ਼ਾਲੀ ਸੀ, ਚਾਰੇ

ਪਾਸੇ ਤੋਂ ਬੰਦ ਤੇ ਪਰਦੇ ਲੱਗੇ ਹੋਣ ਕਰਕੇ ਦਿਨ ਵਿਚ ਰਾਤ ਵਾਂਗ ਲੱਗਦਾ ਸੀ ਤੇ ਉੱਪਰੋਂ ਏ.ਸੀ ਚੱਲ ਰਿਹਾ ਸੀ,ਅੱਧੇ ਕੁ ਘੰਟੇ ਬਾਅਦ ਹੀ ਨੀਂਦ ਆਉਣੀ ਸ਼ੁਰੂ ਹੋ ਗਈ,ਪਰ ਅਜੇ ਅੱਖ ਲੱਗੀ ਹੀ ਸੀ ਕਿ ਅਲਫ਼ਨੂਰ ਦਾ ਮੈਸਜ਼ ਆ ਗਿਆ

ਅਲਫ਼ਨੂਰ : ਹੈਲੋ ਜੀ...ਹੋ ਗਏ ਵੇਹਲੇ

ਸੁਖ ਅਜੇ ਜਵਾਬ ਦੇਣ ਹੀ ਲੱਗਦਾ ਸੀ ਕਿ ਚੰਨਨ ਦਾ ਫੋਨ ਆ ਗਿਆ,

ਚੰਨਨ : ਹੈਲੋ ਜੀ

ਸੁਖ : ਹਾਂ ਕਿਵੇਂ ਆ ਚੰਨਨ

ਚੰਨਨ : ਵਧੀਆ ਤੁਸੀਂ ਦੱਸੋ

ਸੁਖ : ਵਧੀਆ, ਜਾ ਰਿਹਾ ਸੀ ਬੱਸ ਵਿਚ ਸੀ

ਚੰਨਨ : ਜੀ

ਸੁਖ : ਮੈਂ ਪਹੁੰਚ ਕੇ ਗੱਲ ਕਰਦਾਂ

ਚੰਨਨ : ਜੀ

ਫੋਨ ਕੱਟਦੇ ਸਾਰ ਹੀ ਸੁਖ ਦਾ ਮਨ ਅਜ਼ੀਬੋ ਅਜ਼ੀਬ ਜਿਹਾ ਸੋਚਣ ਲੱਗ ਰਿਹਾ,ਦਿਲ ਨੂੰ ਲੱਗ ਰਿਹਾ ਸੀ ਕਿ ਇਹ ਸਹੀ ਨਹੀਂ ਆ, ਕਿੰਨਾਂ ਚਿਰ ਸੁਖ ਇਹੀ ਸਭ ਸੋਚਦਾ ਰਿਹਾ, ਐਨੇ ਵਿਚ ਅਲਫ਼ਨੂਰ ਦਾ ਫ਼ੋਨ ਆ ਗਿਆ

ਅਲਫ਼ਨੂਰ : ਹੈਲੋ

ਸੁਖ : ਹਾਂ ਜੀ ਕਿਵੇਂ ਓ

ਅਲਫ਼ਨੂਰ : ਮੈਂ ਤਾਂ ਠੀਕ ਆ , ਪਰ ਤੁਸੀਂ ਨਹੀਂ ਲੱਗ ਰਹੇ

ਸੁਖ : ਕਿਉਂ ਮੈਂ ਕਿਉਂ ਨਹੀਂ ਲੱਗ ਰਿਹਾ

ਅਲਫ਼ਨੂਰ : ਐਨੇ ਮੈਸਜ਼ ਕੀਤੇ ਨੇ ,ਇੱਕ ਦਾ ਵੀ ਜਵਾਬ ਨਹੀਂ ਦੇ ਰਹੇ,ਕਿੱਧਰ

ਵਿਅਸਤ ਹੋ

ਸੁਖ : ਕਿਤੇ ਨਹੀਂ ,ਬੱਸ ਵਿਚ ਸੀ

ਅਲਫ਼ਨੂਰ : ਕੀ ਮਤਲਬ... ਬੱਸ ਵਿਚ ਕੀ ਕਰਦੇ ਹੋ

ਸੁਖ : ਗੁਰੂ ਤੇਰੇ ਕੋਲ ਆ ਰਿਹਾ

ਅਲਫ਼ਨੂਰ : ਸੁਖ ਤੁਸੀਂ ਮਜ਼ਾਕ ਨਾ ਕਰੋ

ਸੁਖ : ਲੈ ਇਸ ਵਿਚ ਮਜ਼ਾਕ ਵਾਲ਼ੀ ਕੀ ਗੱਲ ਆ

ਅਲਫ਼ਨੂਰ : ਅੱਛਾ ਚੱਲ ਮੰਨ ਲਿਆ, ਤੁਸੀਂ ਆ ਰਹੇ ਹੋ, ਫੇਰ ਮੈਨੂੰ ਦੱਸਿਆ ਕਿਉਂ ਨਹੀਂ

ਸੁਖ : ਮੈਂ ਦੱਸਿਆ ਨਹੀਂ...ਯਰ ਭੁੱਲ ਗਿਆ

ਅਲਫ਼ਨੂਰ : ਬਸ ਉਹੀ ਬੀ.ਐੱਸ.ਆਰ...ਹਾ ਹਾ

ਸੁਖ : ਤੂੰ ਜਵਾਂ ਵੀ ਨਹੀਂ ਬਦਲੀ

ਅਲਫ਼ਨੂਰ : ਅੱਛਾ ਜੀ... ਬਦਲੇ ਤਾਂ ਤੁਸੀਂ ਵੀ ਨਹੀਂ

ਸੁਖ : ਨਹੀਂ ਮੈਂ ਤੇ ਬਹੁਤ ਬਦਲ ਗਿਆ

ਅਲਫ਼ਨੂਰ : ਚੰਗੂ , ਮੈਨੂੰ ਲਾਗੇ ਪਹੁੰਚਣ ਤੋਂ ਪਹਿਲਾਂ ਫ਼ੋਨ ਕਰ ਦੇਓ, ਮੈਂ ਬੱਸ ਸਟੈਂਡ ਆ ਜਾਵਾਂਗੀ

ਸੁਖ : ਜੀ, ਹੁਣ ਮੈਨੂੰ ਨੀਂਦ ਆ ਰਹੀ ਆ, ਸੌਂ ਜਾਵਾਂ

ਅਲਫ਼ਨੂਰ : ਹਾਂਜੀ ਸੌਂ ਜਾਵੋਂ, ਮੈਂ ਤੇ ਸੌਣ ਨਹੀਂ ਦੇਣਾਂ

ਸੁਖ : ਕੋਈ ਨਾ

ਅਲਫ਼ਨੂਰ : ਬਾਏ ਜੀ

ਸੁਖ : ਬਾਏ

ਫੋਨ ਕੱਟਦੇ ਸਾਰ ਹੀ ਸੁਖ ਨੂੰ ਨੀਂਦ ਆ ਗਈ,ਪਤਾ ਹੀ ਨਾ ਲੱਗਾ ਕਦੋਂ ਤਿੰਨ ਚਾਰ ਘੰਟੇ ਲੰਘ ਗਏ,ਅੱਖ ਖੁੱਲੀ ਤੇ ਵੇਖਿਆ ਤਾਂ ਅੰਮ੍ਰਿਤਸਰ ਪੰਦਰਾਂ ਕਿਲੋਮੀਟਰ ਰਹਿ

ਗਿਆ ਸੀ,ਸੁਖ ਨੇ ਜਲਦੀ ਜਲਦੀ ਅਲਫ਼ਨੂਰ ਨੂੰ ਮੈਸਜ਼ ਭੇਜ ਦਿੱਤਾ, ਸਾੜ੍ਹੇ ਨੌਂ ਹੋ ਗਏ ਸਨ, ਅਲਫ਼ਨੂਰ ਨੂੰ ਬਹੁਤ ਹੀ ਜ਼ਿਆਦਾ ਚਾਅ ਚੜ੍ਹਿਆ ਹੋਇਆ ਸੀ, ਉਹ ਨਹੀਂ ਤਾਂ ਹੁਣ ਨੂੰ ਸੌਂ ਜ਼ਾਇਆ ਕਰਦੀ ਸੀ,ਪਰ ਅੱਜ ਉਸ ਨੇ ਹਲੇ ਰੋਟੀ ਵੀ ਨਹੀਂ ਸੀ ਖਾਈਂ,ਉਸਨੇ ਖਾਣਾ ਤਿਆਰ ਕਰ ਕੇ ਰੱਖ ਦਿੱਤਾ ਕਿ ਉਹ ਸੁਖ ਨਾਲ ਹੀ ਖਾਏਂਗੀਂ,ਨਹਾ ਕੇ ਕੁਝ ਦਿਨ ਪਹਿਲਾਂ ਤਿਆਰ ਕੀਤਾ ਲਾਲ ਰੰਗ ਦਾ ਸੂਟ ਪਾ ਲਿਆ,ਤੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਵੇਖ ਕੇ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ,ਐਨੇ ਵਿਚ ਸੁਖ ਦਾ ਦੁਬਾਰਾ ਫੇਰ ਫੋਨ ਆ ਗਿਆ ਕਿ ਬਸ ਮੈਂ ਪਹੁੰਚ ਹੀ ਗਿਆ ਤੁਸੀਂ ਆ ਜਾਵੋ, ਅਲਫ਼ਨੂਰ ਨੇ ਗੱਡੀ ਸਟਾਰਟ ਕੀਤੀ ਤੇ ਕੁਝ ਮਿੰਟ ਵਿਚ ਹੀ ਬੱਸ ਸਟੈਂਡ ਪਹੁੰਚ ਗਈ, ਬੱਸ ਸਟੈਂਡ ਵਿਚ ਜਿਆਦਾ ਲੋਕ ਨਹੀਂ ਸਨ, ਪਹਿਲਾਂ ਤਾਂ ਬੁਰਾ ਹਾਲ ਹੁੰਦਾ ਸੀ, ਕੁਝ ਤਾਂ ਲਾੱਕਡਾਊਨ ਦੇ ਦਿਨਾਂ ਕਰਕੇ ਵੀ ਫ਼ਰਕ ਸੀ, ਅਲਫ਼ਨੂਰ ਬਿਨਾਂ ਗੱਡੀ ਵਿਚੋਂ ਉਤਰੇ ਹੀ ਸੁਖ ਦੀ ਉਡੀਕ ਕਰਨ ਲੱਗੀ, ਐਨੇ ਵਿਚ ਹੀ ਇੱਕ ਬੱਸ , ਬੱਸਸਟੈਂਡ ਵਿਚ ਆਈ, ਅਲਫ਼ਨੂਰ ਜਲਦੀ ਜਲਦੀ ਗੱਡੀ ਵਿਚੋਂ ਉਤਰ ਗਈ,ਬੱਸ ਵਿਚੋਂ ਸਵਾਰੀਆਂ ਉਤਰਨ ਲੱਗੀਆਂ, ਅਲਫ਼ਨੂਰ ਟੇਢੀ ਹੋ ਹੋ ਕੇ ਵੇਖਣ ਲੱਗੀ, ਲੱਗਪਗ ਸਾਰੀਆਂ ਸਵਾਰੀਆਂ ਉਤਰ ਗਈਆਂ ਪਰ ਸੁਖ ਨਾ ਉਤਰਿਆ, ਅਲਫ਼ਨੂਰ ਦੂਸਰੀ ਬੱਸ ਉਡੀਕਣ ਲੱਗੀ, ਐਨੇ ਵਿਚ ਹੀ ਇੱਕ ਕਾਲੇ ਨੀਲੇ ਰੰਗ ਦੀ ਗੂੜ੍ਹੀ ਪੱਗ ਬੰਨ੍ਹੀ,ਚਿੱਟੀ ਸਰਟ,ਤੇ ਕਾਲ਼ੀ ਪੈਂਟ ਪਾਈਂ , ਇੱਕ ਜੈਂਟਲਮੈਨ ਵਰਗਾ,ਮੁੰਡਾ ਅਲਫ਼ਨੂਰ ਦੇ ਵੱਲ ਤੁਰਿਆ ਆ ਰਿਹਾ ਸੀ, ਜਿਸ ਦੇ ਇੱਕ ਹੱਥ ਵਿੱਚ ਬੈੱਗ ਸੀ ਤੇ ਦੂਸਰੇ ਹੱਥ ਵਿਚ ਫੋਨ ਸੀ, ਅਲਫ਼ਨੂਰ ਨੇ ਦੂਰੋਂ ਹੀ ਪਹਿਚਾਨ ਲਿਆ ਕੇ ਇਹ ਸੁਖ ਹੀ ਹੈ, ਸੁਖ ਨੇ ਵੀ ਬੱਸ ਵਿਚੋਂ ਉਤਰਦੇ ਸਾਰ ਹੀ ਅਲਫ਼ਨੂਰ ਨੂੰ ਵੇਖ ਲਿਆ ਸੀ, ਲਾਲ ਰੰਗ ਦਾ ਸੂਟ ਪਾਈ,ਐਨੀ ਲੰਮੇ ਤੇ ਸੋਹਣੀ ਸੂਰਤ ਵਾਲ਼ੀ ਕੁੜੀ ਵੇਖ, ਐਦਾਂ ਲੱਗਦਾ ਸੀ ਜਿਵੇਂ ਰੱਬ ਨੇ ਕੋਈ ਪਰੀ ਧਰਤੀ ਤੇ ਭੇਜ ਦਿੱਤੀ ਹੋਵੇ,ਸੁਖ ਨੇ ਅਲਫ਼ਨੂਰ ਦੇ ਕੋਲ਼ ਪਹੁੰਚਣ ਤੋਂ ਪਹਿਲਾਂ ਹੀ, ਫੋਨ ਜੇਬ ਵਿੱਚ ਪਾ ਲਿਆ ਤੇ ਬੈੱਗ ਥੱਲੇ ਧਰ ਦਿੱਤਾ, ਅਲਫ਼ਨੂਰ ਨੇ

ਦੂਰੋਂ ਹੀ ਭੱਜ ਕੇ ਆ ਸੁਖ ਨੂੰ ਗੱਲਵਕੜੀ ਪਾ ਲਈ,ਤੇ ਕਿੰਨਾਂ ਚਿਰ ਘੁੱਟ ਕੇ ਗਲ਼ ਨਾ ਲਾਈ ਰੱਖਿਆ

ਸੁਖ : ਕੀ ਗੱਲ ਏਥੇ ਰੋਕ ਕੇ ਰੱਖਣਾਂ

ਅਲਫ਼ਨੂਰ : ਨਹੀਂ ਨਹੀਂ...ਆਜੋ ਆਜੋ ਚੱਲਦੇ ਆਂ

ਸੁਖ : ਅੱਖਾਂ ਵਿਚ ਪਾਣੀ ਕਿਉਂ

ਅਲਫ਼ਨੂਰ : ਇਹ ਤਾਂ ਖੁਸ਼ੀ ਦੇ ਹੰਝੂ ਨੇ

ਸੁਖ : ਅੱਛਾ

ਬੈਗ ਡੱਗੀ ਵਿਚ ਰੱਖ ਕੇ ਦੋਵੇਂ ਗੱਡੀ ਵਿੱਚ ਬੈਠ ਗਏ, ਦੋਵੇਂ ਇੱਕ ਦੂਸਰੇ ਦੇ ਵੱਲ ਹੀ ਵੇਖ ਰਹੇ ਸਨ,

ਸੁਖ : ਚੱਲੋ ਹੁਣ

ਅਲਫ਼ਨੂਰ : ਜੀ ਕਰਦਾ ਏਵੇਂ ਹੀ ਵੇਖੀਂ ਜਾਵਾਂ

ਸੁਖ : ਹੈਲੋ ਮੈਡਮ ਜੀ ਕੋਈ ਫਿਲਮ ਦਾ ਸੀਨ ਨਹੀਂ ਚੱਲ ਰਿਹਾ ਚੱਲੋ ਹੁਣ

ਅਲਫ਼ਨੂਰ : ਹਾਂ ਚੱਲਦੀ ਆਂ ( ਅਲਫ਼ਨੂਰ ਨੇ ਗੱਡੀ ਸਟਾਰਟ ਕਰ ਲਈ ਤੇ ਘਰ ਵੱਲ ਤੋਰ ਲਈ)

ਸੁਖ : ਹੋਰ ਸੁਣਾ ਅਲਫ਼, ਕਿਦਾਂ ਲੰਘਦੀ ਆ ਜ਼ਿੰਦਗੀ

ਅਲਫ਼ਨੂਰ : ਪਹਿਲਾਂ ਦੀ ਤਾਂ ਪਤਾ ਨਹੀਂ,ਪਰ ਹੁਣ ਸੱਚੀ ਦੱਸ ਵੀ ਨਹੀਂ ਸਕਦੀ

ਸੁਖ : ਤੂੰ ਹੱਦ ਜ਼ਿਆਦਾ ਜਲਦੀ ਨਹੀਂ ਟੱਪ ਜਾਂਦੀ ਏ

ਅਲਫ਼ਨੂਰ : ਹੱਦਾਂ ਟੱਪਣ ਲਈ ਤਾਂ ਹੁੰਦੀਆਂ ਨੇ

ਸੁਖ : ਹਾਏ ਰੱਬਾ...ਕੀ ਬਣੂ ਤੇਰਾ

ਅਲਫ਼ਨੂਰ : ਦੂਜਾ ਸੁਖ

ਸੁਖ : ਹਾ ਹਾ

ਅਲਫ਼ਨੂਰ : ਕਿੰਨਾਂ ਵਧੀਆ ਲੱਗ ਰਿਹਾ ਨਾ

ਸੁਖ : ਹਾਂ...ਪਰ ਮੈਨੂੰ ਚੰਨਨ ਦੀ ਵੀ ਫ਼ਿਕਰ ਹੋ ਰਹੀ ਆ

ਅਲਫ਼ਨੂਰ : ਉਹਦੀ ਫ਼ਿਕਰ ਤਾਂ ਤੁਸੀਂ ਜ਼ਿੰਦਗੀ ਭਰ ਕਰਨੀਂ ਆ, ਇੱਕ ਦਿਨ ਲਈ ਮੇਰੀ ਵੀ ਕਰ ਲਵੋ

ਸੁਖ : ਅਲਫ਼ ਇੱਕ ਗੱਲ ਦੱਸਾਂ

ਅਲਫ਼ਨੂਰ : ਹਾਂਜੀ ਦੱਸੋਂ

ਸੁਖ : ਮੈਂ ਤੇਰੇ ਤੋਂ ਦੂਰ ਹੋ ਕੇ , ਕਦੇ ਦੂਰ ਨਹੀਂ ਹੋਇਆ, ਮੈਨੂੰ ਹਮੇਸ਼ਾ ਤੂੰ ਆਪਣੇ ਕੋਲ ਹੀ ਲੱਗਦੀ ਸੀ

ਅਲਫ਼ਨੂਰ : ਸੱਚੀਂ ਸੁਖ ਬਸ ਦੱਸ ਮੇਰੇ ਤੋਂ ਵੀ ਨਹੀਂ ਹੋਇਆ, ਬੇਸ਼ੱਕ ਇਹ ਰਸਮ ਰਿਵਾਜਾਂ ਨੇ ਮੈਨੂੰ ਵਿਆਹ ਦਿੱਤਾ ਸੀ,ਪਰ ਮੈਂ ਅਜੇ ਵੀ ਅਣਵਿਆਹੀ ਸਮਝਦੀ ਆਂ, ਮੇਰੀ ਰੂਹ ਨੇ ਕਦੇ ਵੀ ਇਹ ਸਵਿਕਾਰ ਨਹੀਂ ਕੀਤਾ

ਫੇਰ ਕਿੰਨਾ ਚਿਰ ਦੋਵੇਂ ਚੁੱਪ ਰਹੇ, ਤੇ ਵਾਰੀ ਇੱਕ ਦੂਜੇ ਵੱਲ ਵੇਖਦੇ

ਸੁਖ : ਮੇਰੀ ਨੇ ਵੀ

ਅਲਫ਼ਨੂਰ : ਘਰ ਪਹੁੰਚ ਗਏ...

ਸੁਖ : ਉਹ ਮੈਨੂੰ ਤੇ ਪਤਾ ਹੀ ਨਹੀਂ ਲੱਗਾ ਕਿ ਗੱਡੀ ਰੁੱਕ ਗਈ

ਦੋਵੇਂ ਗੱਡੀ ਵਿਚੋਂ ਉਤਰ ਗਏ, ਅਲਫ਼ਨੂਰ ਦਰਵਾਜ਼ਾ ਖੋਲ੍ਹਣ ਲੱਗ ਗਈ ਤੇ ਸੁਖ ਡਿੱਗੀ ਵਿਚੋਂ ਬੈੱਗ ਚੁੱਕਣ ਲੱਗ ਗਿਆ,

ਅਲਫ਼ਨੂਰ ਐਨੀ ਸੁੰਨੀ ਜਗਾਹ ਵਿਚ ਇੱਕਲੀ ਕਿਵੇਂ ਰਹਿਣੀ ਆਂ, ਬਸ ਆਦਤ ਜਿਹੀ ਪੈ ਗਈ ਆ,

ਅਲਫ਼ਨੂਰ : ਸੁਖ ਆ ਬੈਗ ਮੈਨੂੰ ਫੜਾ ਦੇਵੋ, ਮੈਂ ਅੰਦਰ ਕਮਰੇ ਵਿਚ ਰੱਖ ਦੇਣੀ ਆ, ਤੁਸੀਂ ਬੈਠ ਜਾਵੋ,ਪਰ ਸੁਖ ਰਸੋਈ ਵਿਚ ਅਲਫ਼ਨੂਰ ਦੇ ਮਗਰ ਹੀ ਚਲਾ ਗਿਆ, ਅਲਫ਼ਨੂਰ ਨੇ ਸੁਖ ਨੂੰ ਪਾਣੀਂ ਫੜਾਉਦਿਆਂ ਕਿਹਾ,ਕਿ ਕਾਸ਼ ਜੇ ਆਪਾਂ ਇੱਕਠੇ ਹੁੰਦੇ



www.PunjabiLibrary.com

ਤਾਂ ਇਹ ਘਰ ਕਿੰਨਾਂ ਜ਼ਿਆਦਾ ਭਰ ਜਾਣਾ ਸੀ,

ਸੁਖ : ਅਲਫ਼ ਕੀ ਪਤਾ ਵਕ਼ਤ ਨੇ ਆਪਣੇ ਲਈ ਇਸ ਤੋਂ ਵੀ ਚੰਗਾ ਸੋਚਿਆ ਹੋਵੇ

ਅਲਫ਼ਨੂਰ : ਹਾਂ ਜੀ ਸਹੀ ਕਿਹਾ ...ਹੋ ਸਕਦਾ, ਤੁਸੀਂ ਨਹਾ ਆਵੋ, ਮੈਂ ਐਨੇ ਵਿਚ ਖਾਣਾਂ ਲਾ ਦੇਣੀਂ ਆ

ਸੁਖ : ਹਾਂ

ਸੁਖ ਨਹਾਉਣ ਚਲਾ ਗਿਆ ਤੇ ਅਲਫ਼ਨੂਰ ਮੇਨ ਗੇਟ ਨੂੰ ਬੰਦ ਕਰਨ ਲੱਗ ਗਈ,ਸਾਢੇ ਦੱਸ ਹੋ ਗਏ ਸੀ, ਅਲਫ਼ਨੂਰ ਖਾਣਾ ਤਿਆਰ ਕਰਨ ਲੱਗ ਗਈ, ਐਨੇ ਵਿਚ ਸੁਖ ਨਹਾ ਕੇ ਆ ਗਿਆ,

ਅਲਫ਼ਨੂਰ : ਨਹਾ ਆਏ

ਸੁਖ : ਹਾਂ ਜੀ

ਅਲਫ਼ਨੂਰ : ਖਾਣਾਂ ਲੱਗਿਆ ਪਿਆ

ਸੁਖ : ਬਸ ਆਇਆ

ਦੋਵੇਂ ਖਾਣਾਂ ਖਾਣ ਲੱਗ ਪਏ, ਬੇਸ਼ੱਕ ਦੋਵੇਂ ਇੱਕੋ ਹੀ ਬਰਤਨ ਵਿੱਚ ਖਾ ਰਹੇ ਸਨ, ਪਰ ਦੋਵਾਂ ਵਿਚੋਂ ਬੋਲ ਕੋਈ ਵੀ ਕੁਝ ਨਹੀਂ ਸੀ ਰਿਹਾ, ਖਾਣਾਂ ਖਾਣ ਤੋ ਸੁਖ ਨੇ ਬੈੱਡ ਵਾਲੇ ਕਮਰੇ ਵਿਚ ਜਾ ਬੈਠ ਗਿਆ ਤੇ ਟੀ.ਵੀ ਵੇਖਣ ਲੱਗ ਗਿਆ ਤੇ ਅਲਫ਼ਨੂਰ ਬਰਤਨ ਸਾਫ਼ ਕਰ ਰਹੀ ਸੀ, ਸੁਖ ਨੂੰ ਲੱਗਿਆ ਕਿ ਮੈਨੂੰ ਅਲਫਨੂਰ ਕੋਲ਼ ਜਾਣਾ ਚਾਹੀਦਾ ਹੈ, ਉਹ ਅਲਫ ਦੇ ਕੋਲ਼ ਜਾ ਖੜ ਗਿਆ ਤੇ ਅਲਫ਼ਨੂਰ ਵੱਲ ਗ਼ੌਰ ਨਾਲ ਵੇਖਣ ਲੱਗਾ,

ਅਲਫ਼ਨੂਰ : ਕੀ ਵੇਖ ਰਹੇ ਹੋ

ਸੁਖ : ਯਰ ਕਿੰਨੀ ਸੋਹਣੀ ਆਂ ਤੂੰ

ਅਲਫ਼ਨੂਰ : ਅੱਛਾ ਜੀ... ਏਵੇਂ ਨਾ ਝੂਠ ਬੋਲੋਂ

ਸੁਖ : ਮੈਨੂੰ ਪਤਾ ਸੀ ਤੂੰ ਏਵੇ ਹੀ ਕਹਿਣਾ

ਅਲਫ਼ਨੂਰ : ਅੱਛਾ... ਮੈਨੂੰ ਮੈਂ ਜਵਾਂ ਵੀ ਸੋਹਣੀ ਨਹੀਂ ਲੱਗਦੀ

ਸੁਖ : ਹੀਰੇ ਨੂੰ ਹੀਰੇ ਦਾ ਮੁੱਲ ਕੀ ਪਤਾ ਉਹ ਤਾ ਜਵਾਹਰ ਨੂੰ ਪਤਾ

ਅਲਫ਼ਨੂਰ : ਅੱਛਾ ਜੀ, ਗੱਲਾਂ ਬਹੁਤ ਸੋਹਣੀਆਂ ਕਰਦੇ ਹੋ, ਕਿ ਇੰਮਪਰੈੱਸ ਕਰ ਰਹੇ ਹੋ

ਸੁਖ : ਤੁਸੀਂ ਹੋ ਵੀ ਤੇ ਨਹੀਂ ਰਹੇ

ਅਲਫ਼ਨੂਰ : ਜਾ ਵੇ ...ਹਾ ਹਾ

ਸੁਖ : ਜਾ ਨੀਂ ....ਹਾ ਹਾ

ਅਲਫ਼ਨੂਰ : ਪਹਿਲਾਂ ਕਹਿੰਦੀ ਹੁੰਦੀ ਸੀ ਮੈਂ

ਸੁਖ : ਹਾਂ ਯਾਦ ਹੈ

ਅਲਫ਼ਨੂਰ : ਸਾਰਾ ਕੰਮ ਹੋ ਗਿਆ, ਚੱਲੋ ਤੁਸੀਂ ਕਮਰੇ ਵਿਚ ਚੱਲੋ, ਮੈਂ ਲਾਇਟ ਬੰਦ ਕਰਕੇ ਆਈ

ਸੁਖ : ਜੀ, ਇੱਕ ਗਲਾਸ ਪਾਣੀ ਲੈ ਆਇਓ

ਸੁਖ ਨੇ ਕਮਰੇ ਵਿਚ ਜਾ ਮੁੜ ਟੀ.ਵੀ ਲਗਾ ਲਿਆ,ਦਿਲ ਤੇ ਨਹੀ ਕਰ ਰਿਹਾ ਸੀ,ਟੀ.ਵੀ ਵੇਖਣ ਨੂੰ ਪਰ ਵੱਸ ਆਵਾਜ਼ ਵਧੀਆ ਲੱਗ ਰਹੀ ਸੀ,ਐਨੇ ਵਿਚ ਹੀ ਅਲਫ਼ਨੂਰ ਆ ਗਈ,ਤੇ ਬੈੱਡ ਦੀ ਦੂਸਰੀ ਸਾਈਡ ਬਿਲਕੁਲ ਨਾਲ ਹੀ ਬੈਠ ਗਈ, ਜਿਦਾਂ ਚੰਨਨ ਬੈਠ ਜਾਇਆ ਕਰਦੀ ਸੀ।

ਅਲਫ਼ਨੂਰ : ਟੀ.ਵੀ ਬੰਦ ਕਰ ਦੇਵਾਂ

ਸੁਖ : ਕਿਉਂ

ਅਲਫ਼ਨੂਰ : ਇਹ ਤਾਂ ਰੋਜ਼ ਹੀ ਵੇਖਣਾਂ

ਸੁਖ : ਕਰ ਦੇਵੋ

ਅਲਫ਼ਨੂਰ : ਹੋਰ ਦੱਸੋ ਸੁਖ

ਸੁਖ : ਤੁਹਾਡੀ ਸੁਣਨ ਆਇਆ ਐਨੀ ਦੂਰ

ਅਲਫ਼ਨੂਰ : ਹਾਂ, ਇਹ ਵੀ ਹੈ, ਮੈਂ ਬਾਂਹ ਤੇ ਸਿਰ ਰੱਖ ਸਕਦੀ ਆਂ

ਸੁਖ : ਹਾਂ ਰੱਖ ਲਵੋ

ਅਲਫ਼ਨੂਰ : ਸੁਖ ਇੱਕ ਗੱਲ ਦੱਸਾਂ

ਸੁਖ : ਹਾਂ ਦੱਸੋ

ਅਲਫ਼ਨੂਰ : ਮੈਂ ਕਦੇ ਵੀ ਨਹੀਂ ਸੀ ਸੋਚਿਆ ਕਿ ਕਦੇ ਮੈਨੂੰ ਵੀ ਪਿਆਰ ਹੋ ਜਾਵੇਗਾ, ਜਾ ਮੈਂ ਵੀ ਇਸ ਰਾਹ ਦਾ ਹਿੱਸਾ ਬਣਾਂਗੀ,

ਸੁਖ : ਮੈਂ ਵੀ

ਅਲਫ਼ਨੂਰ : ਸੱਚੀਂ ਮੈਂ ਆਪਣੇ ਦੋਵੇਂ ਬਾਰੇ ਬਹੁਤ ਕੁਝ ਸੋਚਿਆ ਸੀ,ਪਰ ਕਿਸਮਤ ਨੇ ਚਾਹ ਕੇ ਵੀ ਸਾਥ ਨਾ ਦਿੱਤਾ, ਮੇਰੇ ਘਰਦਿਆਂ ਨੇ ਜ਼ਿੱਦ ਕੀਤੀ ਤੇ ਮੇਰਾ ਵਿਆਹ ਕਰ ਦਿੱਤਾ,ਪਰ ਮੈਂ ਓਥੇ ਇੱਕ ਦਿਨ ਵੀ ਸਕੂਨ ਦਾ ਨਾ ਵੇਖਿਆ, ਅਖੀਰ ਮੈਂ ਇੱਕ ਇੱਕ ਸਾਲ ਬਾਅਦ ਹੀ ਦੀਪ ਨੂੰ ਗੋਦ ਲੈ ਲਿਆ

ਸੁਖ : ਅਲਫ਼ ਦੀਪ ਤੇਰਾ ਆਪਣਾ ਬੇਟਾ ਨਹੀਂ ਆ

ਅਲਫ਼ਨੂਰ: ਨਹੀਂ ਦੀਪ ਮੇਰਾ ਆਪਣਾ ਬੇਟਾ ਨਹੀਂ ਆ, ਪਰ ਇਹ ਕੋਈ ਵੀ ਨਹੀਂ ਜਾਣਦਾ, ਸਿਰਫ਼ ਤੁਹਾਡੇ ਤੋਂ ਬਿਨਾਂ

ਸੁਖ : ਸ਼ਾਇਦ ਇਸੇ ਨੂੰ ਜ਼ਿੰਦਗੀ ਕਹਿੰਦੇ ਨੇ, ਸੋਚਿਆ ਮੈਂ ਵੀ ਬਹੁਤ ਕੁਝ ਸੀ,ਬਸ ਹਾਲਾਤ ਕੁਝ ਇਸ ਤਰ੍ਹਾਂ ਦੇ ਬਣ ਗਏ,ਕਿ ਮੈਂ ਕੁਝ ਚਾਹ ਵੀ ਨਾ ਕਰ ਸਕਿਆ

ਅਲਫ਼ਨੂਰ : ਸੁਖ ਮੈਂ ਹਰ ਰੋਜ਼ ਇੰਤਜਾਰ ਕੀਤਾ ਸੀ ਤੁਹਾਡਾ, ਮੈਨੂੰ ਪੂਰਾ ਯਕੀਨ ਸੀ ਕਿ ਇੱਕ ਦਿਨ ਜ਼ਰੂਰ ਤੁਸੀਂ ਮੈਨੂੰ ਮੁੜ ਮਿਲ ਜਾਣਾਂ,ਤੇ ਵੇਖੋ ਤੁਸੀਂ ਮਿਲ਼ ਗਏ

ਸੁਖ : ਅਲਫ਼ ਪਤਾ ਨਹੀਂ ਇਹ ਸਹੀ ਆ ਕਿ ਨਹੀਂ ਜੋ ਆਪਾਂ ਕਰ ਰਹੇ ਆਂ,ਪਰ ਸੱਚੀਂ ਜੋ ਸਕੂਨ ਦਿਲ ਨੂੰ ਮਿਲ ਰਿਹਾ, ਮੈਂ ਦੱਸ ਵੀ ਨਹੀਂ ਸਕਦਾ

ਅਲਫ਼ਨੂਰ : ਸੁਖ ਤੁਸੀਂ ਮੇਰੇ ਨਾਲ ਇੱਕ ਵਾਦਾ ਕਰ ਸਕਦੇ ਹੋ

ਸੁਖ : ਦੱਸ ਜੇ ਕਰ ਸਕਦਾ ਹੋਇਆ ਤਾਂ ਜ਼ਰੂਰ

ਅਲਫ਼ਨੂਰ : ਤੁਸੀਂ ਮੈਨੂੰ ਇੱਕ ਮਹੀਨੇ ਵਿੱਚ ਇੱਕ ਵਾਰ ਮਿਲਣ ਆ ਸਕਦੇ ਹੋ।

ਸੁਖ : ਅਲਫ਼ ਮੈਂ ਕੋਸ਼ਿਸ਼ ਜ਼ਰੂਰ ਕਰਿਆ ਕਰਾਂਗਾ ਕਿ ਤੈਨੂੰ ਜ਼ਰੂਰ ਮਿਲਣ ਆਵਾਂ

ਅਲਫ਼ਨੂਰ : ਸੁਖ ਹੁਣ ਮੇਰਾ ਸਾਰਾ ਕੁਝ ਤੇਰਾ ਹੀ ਹੈ

ਸੁਖ : ਅੱਛਾ ਜੀ

ਅਲਫ਼ਨੂਰ : ਹਾਂਜੀ

ਫੇਰ ਕਿੰਨਾ ਚਿਰ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ ਤੇ ਲਗਪਗ ਰਾਤ ਦੇ ਡੇਢ ਵੱਜ ਚੁੱਕੇ ਸਨ, ਦੋਵੇਂ ਲਾਈਟ ਬੰਦ ਕਰ ਗੂੜ੍ਹੀ ਨੀਂਦ ਸੌਂ ਗਏ, ਇੱਕ ਰਾਤ ਨੇ ਹੀ ਰੂਹ ਦੇ ਰਿਸ਼ਤੇ ਨੂੰ ਰੂਹ ਦੇ ਰਿਸ਼ਤੇ ਦੇ ਨਾਲ ਨਾਲ ਸਰੀਰਕ ਵੀ ਬਣਾ ਦਿੱਤਾ,

ਸੁਖ ਦੀ ਅੱਖ ਖੁੱਲ੍ਹੀ ਤਾਂ ਵੇਖਿਆ ਦੱਸ ਵੱਜ ਚੁੱਕੇ ਸਨ ਤੇ ਅਲਫ਼ਨੂਰ ਵੀ ਅਜੇ ਸੌਂ ਰਹੀ ਸੀ,ਸੁਖ ਨੇ ਅਲਫ਼ ਨੂੰ ਹਲੂਣਿਆਂ ਤੇ ਕਿਹਾ ਕਿ , ਕੀ ਗੱਲ ਅੱਜ ਉਠਣਾ ਨਹੀਂ ਆ, ਅਲਫ਼ਨੂਰ ਨੀਂਦਰ ਵਿਚ ਬੋਲੀ,ਸੁਖ ਅੱਜ ਬਹੁਤ ਚਿਰ ਬਾਅਦ ਐਨੀ ਗੂੜ੍ਹੀ ਨੀਂਦ ਆਈ ਹੈ, ਉੱਪਰੋਂ ਅੱਜ ਸਕੂਲ ਵੀ ਨਹੀਂ ਜਾਣਾਂ, ਮਸਾਂ ਤਾਂ ਐਤਵਾਰ ਆਇਆ ,ਉਹ ਇਹ ਆਖ ਦੂਜੇ ਪਾਸੇ ਵੱਲ ਫੇਰ ਮੂੰਹ ਕਰ ਸੌਂ ਗਈ, ਨੀਂਦ ਤਾਂ ਸੁਖ ਨੂੰ ਵੀ ਆ ਰਹੀ ਸੀ,ਇਸੇ ਲਈ ਉਹ ਵੀ ਫੇਰ ਦੁਬਾਰਾ ਸੌਂ ਗਿਆ, ਅਲਫ਼ਨੂਰ ਨੂੰ ਅੱਧੇ ਕੁ ਘੰਟੇ ਬਾਅਦ ਹੀ ਯਾਦ ਆਇਆ ਕਿ ਸੁਖ ਨੇ ਜਾਣਾਂ ਵੀ ਹੈ ਉਹ ਉੱਠ ਖੜ੍ਹੀ ਤੇ ਚਾਹ ਬਣਾ ਕੇ , ਥੋੜ੍ਹੀ ਸਾਫ਼ ਸਫ਼ਾਈ ਕਰਨ ਲੱਗ ਗਈ,ਸੁਖ ਅਜੇ ਵੀ ਸੌਂ ਰਿਹਾ ਸੀ, ਸੁਖ ਨੇ ਪਾਸਾ ਜਿਹਾ ਮੱਲਿਆ ਤਾਂ ਵੇਖਿਆ ਕਿ ਅਲਫ਼ਨੂਰ ਬੈੱਡ ਤੇ ਨਹੀਂ, ਸੁਖ ਖੜ੍ਹਾ ਹੋ ਬੈੱਠ ਦੀ ਢੂੰ ਨਾਲ ਢੂੰਹ ਲਾ ਬੈਠ ਗਿਆ ਤੇ ਹਾਕ ਲਾਈ... ਅਲਫ਼...

ਅਲਫ਼ਨੂਰ : ਹਾਂਜੀ ਉੱਠ ਖੜ੍ਹੇ ਜੀ

ਸੁਖ : ਹਾਂਜੀ

ਅਲਫ਼ਨੂਰ : ਮੈਂ ਹੁਣੇ ਪਾਣੀਂ ਲੈ ਕੇ ਆਈ

ਸੁਖ : ਅਲਫ਼, ਮੇਰਾ ਫ਼ੋਨ ਕਿੱਥੇ ਆ

ਅਲਫ਼ਨੂਰ : ਰਸੋਈ ਵਿਚੋਂ ਹੀ ਬੋਲੀ,ਬੈੱਡ ਦੇ ਉੱਪਰ ਪਿਆ ਹੈ

ਸੁਖ ਨੇ ਫੋਨ ਚੁੱਕਿਆ ਤਾਂ ਵੇਖਿਆ ਕਿ ਚੰਨਨ ਦੇ ਪੰਜ ਫੋਨ ਆਏ ਪਏ,ਸੁਖ ਨੇ ਨਾਲ਼ ਦੀ ਨਾਲ਼ ਹੀ ਚੰਨਨ ਨੂੰ ਫ਼ੋਨ ਲਗਾ ਲਿਆ

ਚੰਨਨ : ਹੈਲੋ ਕਿਵੇਂ ਓ ਜੀ

ਸੁਖ : ਵਧੀਆ ਤੁਸੀਂ ਦੱਸੋ ਜੀ

ਚੰਨਨ : ਲੱਗਦਾ ਅਜੇ ਸੁੱਤੇ ਹੀ ਪਏ ਹੋ

ਸੁਖ : ਹਾਂ ਰਾਤ ਥੋੜ੍ਹੀ ਦੇਰ ਹੋ ਗਈ ਸੀ

ਚੰਨਨ : ਕਿਦੇ ਆਉਣਾ ਪਿੰਡ ਤੁਸੀਂ

ਸੁਖ : ਅੱਜ ਹੀ ਆ ਜਾਂਵਾਂਗਾ ਸ਼ਾਮ ਤੀਕ

ਚੰਨਨ : ਇਥੇ ਕਦੋਂ ਆਉਣਾ

ਸੁਖ : ਜਿਸ ਦਿਨ ਮੰਮੀ ਨੇ ਕਿਹਾ

ਚੰਨਨ : ਮੇਰਾ ਜੀ ਨੀਂ ਲੱਗ ਰਿਹਾ,ਹੋਰ ਹੀ ਖਿਆਲ ਜੇ ਆਈ ਜਾਂਦੇ ਨੇ

ਸੁਖ : ਤੂੰ ਐਵੇਂ ਨਾ ਵਾਹਲਾ ਸੋਚਿਆ ਕਰ, ਮੈਂ ਪਰਸੋਂ ਹੀ ਆਵਾਂਗਾ,ਲੈਣ

ਚੰਨਨ : ਠੀਕ ਆ ਜੀ

ਸੁਖ : ਠੀਕ ਹੈ

ਐਨੇ ਵਿਚ ਅਲਫ਼ਨੂਰ ਚਾਹ ਲੈ ਕੇ ਆ ਗਈ ਕਿਸਦਾ ਫ਼ੋਨ ਸੀ,ਚੰਨਨ ਦਾ, ਕੀ ਕਹਿੰਦੀ ਸੀ , ਬਸ ਕੁਝ ਨਹੀਂ, ਕਹਿੰਦੀ ਜੀ ਨਹੀਂ ਲੱਗ ਰਿਹਾ,ਬਸ ਐਵੇਂ ਹੀ ਹੋਰ ਜੇ ਖ਼ਿਆਲ ਆ ਰਹੇ ਨੇ, ਅਲਫ਼ ਆਪਾਂ ਚੰਨਨ ਨੂੰ ਸਭ ਦੱਸ ਨਾ ਦੇਈਏ, ਸੁਖ ਨਹੀਂ ਕਦੇ ਵੀ ਨਹੀਂ, ਉਹ ਕਿਸੇ ਵੀ ਪਾਸੇ ਦੀ ਨਹੀਂ ਰਹਿਣੀ,ਜੇ ਵੇਖਿਆ ਜਾਏ ਤਾਂ ਜ਼ਿੰਦਗੀ ਬਹੁਤ ਲੰਮੀ ਹੈ, ਬਹੁਤ ਔਖੀ ਹੈ ਬਿਨਾਂ ਵਜਾਹ ਕੱਟਣੀ,ਤੇ ਫੇਰ ਹੁਣ ਕੀ ਕਰਿਆ ਜਾਏ, ਜੋ ਹੋਵੇਗਾ ਵੇਖੀ ਜਾਊ,ਬਸ ਤੁਸੀਂ ਕੁਝ ਆਪਣੇ ਵੱਲੋਂ ਨਾ ਕਰਨਾ,ਠੀਕ ਹੈ , ਮੈਂ ਦੋ ਵਜੇ ਵਾਲੀ ਬੱਸ ਵਿਚ ਟਿਕਟ ਬੁੱਕ ਕਰੀ ਹੋਈ ਆ, ਠੀਕ ਹੈ ਮੈਂ ਰੋਟੀ ਬਣਾ ਦੇਣੀਂ ਆਂ, ਅਲਫ਼ਨੂਰ ਰੋਟੀ ਬਣਾਉਣ ਲੱਗ ਗਈ ਤੇ ਸੁਖ ਨਹਾਉਣ ਚਲਾ ਗਿਆ, ਲਗਪਗ ਡੇਢ ਵਜੇ ਨੂੰ

ਸੁਖ ਤਿਆਰ ਹੋ ਗਿਆ ਰੋਟੀ ਵੀ ਖਾ ਲਈ, ਅਲਫ਼ਨੂਰ ਨੇ ਆਪ ਨੇ ਹੀ ਬੈੱਗ ਚੁੱਕ ਗੱਡੀ ਵਿਚ ਰੱਖ ਦਿੱਤਾ ਤੇ ਕਿਹਾ ਕਿ ਸਿਰਫ਼ ਵੀਹ ਮਿੰਟ ਹੀ ਰਹਿ ਗਏ ਨੇ ਜਲਦੀ ਚੱਲੋ, ਬੱਸ ਸਟੈਂਡ ਪਹੁੰਚੇ ਤਾ ਬੱਸ ਲੱਗੀ ਹੀ ਖੜ੍ਹੀ ਸੀ, ਅਲਫ਼ਨੂਰ ਨੇ ਸੁਖ ਨੂੰ ਘੁੱਟ ਕੇ ਗੱਲਵਕੜੀ ਪਾਈ ਤੇ ਕਿਹਾ ਕਿ ਇਹ ਤਾਂ ਨਹੀਂ ਪਤਾ ਕਿ ਮੁੜ ਮਿਲਣਾਂ ਵੀ ਹੈ ਕਿ ਨਹੀਂ,ਪਰ ਫਿਰ ਵੀ ਆਸ ਰੱਖਾਂਗੀ,ਸੁਖ ਨੇ ਆਪਣੀ ਅਲਫ਼ਨੂਰ ਦੀਆਂ ਅੱਖਾਂ ਵਿਚੋਂ ਡੁੱਲ੍ਹਦੇ ਹੰਝੂ ਸਾਫ਼ ਕਰਦਿਆਂ ਕਿਹਾ ਕਿ ਜੇ ਰੱਬ ਨੇ ਐਨੇ ਦੂਰ ਹੋ ਕੇ ਇੱਕਠੇ ਕਰ ਦਿੱਤਾ ਸੀ ਤੇ ਹੁਣ ਐਨੇ ਕੋਲ਼ ਕਰਕੇ ਦੂਰ ਥੋੜ੍ਹਾ ਕਰੇਗਾ,ਸੁਖ ਬੱਸ ਵਿਚ ਬੈਠ ਗਿਆ ਤੇ ਕੁਝ ਮਿੰਟ ਬਾਅਦ ਹੀ ਬੱਸ ਚਲੀ ਗਈ, ਅਲਫ਼ਨੂਰ ਸਾਰੇ ਰਾਹ ਰੋਂਦੀ ਰਹੀ,ਤੇ ਘਰ ਜਾ ਵੀ ਕਿੰਨਾ ਚਿਰ ਰੋਈ ਗਈ, ਬੇਸ਼ੱਕ ਉਹ ਜਾਣਦੀ ਸੀ ਕਿ ਸੁਖ ਹਮੇਸ਼ਾ ਲਈ ਹੁਣ ਉਹਦੇ ਕੋਲ਼ ਤੇ ਰਹਿ ਵੀ ਨਹੀਂ ਸਕਦਾ, ਪਰ ਫਿਰ ਵੀ ਜਜ਼ਬਾਤਾਂ ਤੇ ਕਾਬੂ ਨਹੀਂ ਸੀ ਹੋ ਰਿਹਾ, ਅਲਫ਼ਨੂਰ ਨੇ ਮੈਸਜ਼ ਟਾਇਪ ਕੀਤਾ ਕਿ ਸੁਖ ਘਰ ਪਹੁੰਚਦੇ ਸਾਰ ਹੀ ਮੈਸਜ਼ ਕਰ ਦੇਓ, ਅੱਗੋਂ ਸੁਖ ਦਾ ਜਵਾਬ ਆਇਆ ਹਾ ਜ਼ਰੂਰ

ਅਲਫ਼ਨੂਰ : ਠੀਕ ਹੋ ਤੁਸੀਂ

ਸੁਖ : ਮੈਂ ਤੇ ਠੀਕ ਆ ਪਰ ਤੁਸੀਂ ਨਹੀਂ ਲੱਗ ਰਹੇ

ਅਲਫ਼ਨੂਰ : ਬਸ ਥੋੜ੍ਹਾ ਕੁ ਸੰਭਾਲਣਾ ਔਖਾ ਲੱਗਦਾ

ਸੁਖ : ਅਲਫ਼ ਦਿਲ ਮੇਰਾ ਵੀ ਹਮੇਸ਼ਾ ਤੇਰੇ ਕੋਲ ਰਹਿਣ ਦਾ ਕਰਦਾ,ਪਰ

ਅਲਫ਼ਨੂਰ : ਮੈਂ ਸਮਝ ਰਹੀ ਆਂ , ਚੱਲ ਮੈਂ ਕੰਮ ਨਿਬੇੜ ਲਵਾਂ ਫ਼ੇਰ ਕਰਦੀਂ ਆਂ ਗੱਲ

ਸੁਖ : ਠੀਕ ਹੈ

ਅਲਫ਼ਨੂਰ : ਜੀ

ਸੁਖ ਤੇ ਅਲਫ਼ਨੂਰ ਦਾ ਕਈ ਮਹੀਨੇ ਐਦਾਂ ਹੀ ਚੱਲਦਾ ਰਿਹਾ, ਇੱਕ ਸਾਲ ਬੀਤ ਗਿਆ,ਸੁਖ ਮਹੀਨੇ ਵਿਚ ਇੱਕ ਅੱਧੀ ਵਾਰ ਕੰਮ ਦੀ ਮੀਟਿੰਗ ਦਾ ਬਹਾਨਾ ਲਾ ਅਲਫ਼ਨੂਰ ਨੂੰ ਮਿਲਣ ਚਲਾ ਜਾਂਦਾ,ਪਰ ਇੱਕ ਦਿਨ ਕੀ ਹੋਇਆ,ਹਨੇਰੀ ਰੁੱਤ ਹੋਣ ਕਰਕੇ, ਬਹੁਤ ਹੀ ਹਨੇਰੀ ਆ ਰਹੀ ਸੀ,ਜਿਸ ਕਰਕੇ ਲਾਇਟ ਚਲੀ ਗਈ, ਫੋਨ ਚਾਰਜ ਨਾ ਹੋਣ ਕਰਕੇ ਬੰਦ ਹੋ ਗਿਆ, ਅਲਫ਼ਨੂਰ ਨੇ ਕਈ ਫੋਨ ਕੀਤੇ ਪਰ ਫੋਨ ਬੰਦ ਸੀ, ਅਖੀਰ ਸੁਖ ਨੇ ਘਰ ਜਾ ਫ਼ੋਨ ਚਾਰਜ ਕੀਤਾ ਤੇ ਅਲਫ਼ਨੂਰ ਨੂੰ ਫ਼ੋਨ ਲਗਾਇਆ ਪਰ ਅਲਫ਼ਨੂਰ ਨੇ ਫੋਨ ਨਾ ਚੁੱਕਿਆ,ਸੁਖ ਨੇ ਕੁਝ ਸਮੇਂ ਬਾਅਦ ਫੋਨ ਫੇਰ ਲਗਾਇਆ ਪਰ ਫੋਨ ਬੰਦ ਆ ਰਿਹਾ ਸੀ,ਸੁਖ ਨੂੰ ਲੱਗਿਆ ਚੱਲ ਉਸਨੂੰ ਗ਼ੁੱਸਾ ਹੋਣਾਂ ਕਿਸੇ ਗੱਲ ਦਾ ਅੱਜ ਨਹੀਂ ਕੱਲ ਫੋਨ ਚੁੱਕ ਲਵੇਂਗੀ,ਪਰ ਜਦੋਂ ਸੁਖ ਨੇ ਦੂਸਰੇ ਦਿਨ ਫ਼ੋਨ ਲਗਾਇਆ ਤਾਂ ਫੋਨ ਦੁਬਾਰਾ ਫੇਰ ਬੰਦ ਆ ਰਿਹਾ ਸੀ, ਸੁਖ ਦਾ ਸਿਰਦਰਦ ਜੋ ਕਿ ਕਈ ਮਹੀਨਿਆਂ ਤੋਂ ਬਿਲਕੁਲ ਠੀਕ ਸੀ, ਫੇਰ ਦੁਬਾਰਾ ਸ਼ੁਰੂ ਹੋ ਗਿਆ,ਸੁਖ ਨੂੰ ਉਹ ਸਾਰੀ ਰਾਤ ਨੀਂਦ ਨਾ ਆਈ,ਸੁਖ ਨੇ ਸਿਰਦਰਦ ਦੀ ਬਹੁਤ ਦਵਾਈ ਲਈ ਪਰ ਕੋਈ ਫ਼ਰਕ ਨਾ ਪਿਆ, ਚੰਨਨ ਨੂੰ ਸੁਖ ਦੀ ਚਿੰਤਾ ਸਤਾਉਣ ਲੱਗੀ, ਕਿ ਅਚਾਨਕ ਦੁਬਾਰਾ ਸਿਰਦਰਦ ਕਿਦਾਂ ਸ਼ੁਰੂ ਹੋ ਗਿਆ, ਡਾਕਟਰਾਂ ਨੇ ਦੱਸਿਆ ਕਿ ਸੁਖ ਨੂੰ ਕਿਸੇ ਗੱਲ ਦੀ ਟੈਨਸ਼ਨ ਹੈ,ਸੁਖ ਨੂੰ ਖੁਦ ਨਹੀਂ ਸੀ ਪਤਾ ਲੱਗ ਗਿਆ ਕਿ ਭਲਾਂ ਅਲਫ਼ਨੂਰ ਬਾਰੇ ਉਹ ਐਨਾ ਜ਼ਿਆਦਾ ਕਿਵੇਂ ਸੋਚ ਸਕਦਾ ਹੈ, ਉਹ ਚੰਨਨ ਨੂੰ ਵੀ ਸਭ ਸੱਚ ਨਹੀਂ ਸੀ ਦੱਸ ਸਕਦਾ,ਪਰ ਉਸ ਨੂੰ ਇਸ ਤੋਂ ਬਿਨਾਂ ਕੋਈ ਰਾਹ ਨਾ ਮਿਲਿਆ,

ਤੂੰ ਹੀ ਆਂ ਕਵਿਤਾ ਵਰਗੀ,
ਤੋੜੀਂ ਨਾ ਰੀਤ ਕੁੜੇ

ਹੋਜੂਗੀ ਹੋਰ ਗੂੜ੍ਹੀ ਨੀਂ,
ਚਾਹੇਂ ਜੇ ਪ੍ਰੀਤ ਕੁੜੇ

ਮੈਂ ਨੀ ਕਿਤੋਂ ਲਿਖਣਾਂ ਸਿੱਖਿਆ ,
ਲਿਖਵਾ ਗਈ ਤੇਰੀ ਯਾਦ ਹਾਣਨੇ
ਫਿੱਕੇ ਜਿਹੇ ਮੌਸਮ ਇਹੇ
ਦੱਸਗੀ ਨੀਂ ਕਿਦਾਂ ਮਾਣਨੇ...

ਉੱਡੀ ਜੋ ਡਾਰ ਛੱਤ ਤੋਂ
ਚੁੰਨੀਂ ਤੇ ਵਹਿ ਗਈ ਨੀਂ
ਹਲਕੀ ਜਿਹੀ ਹੱਸਣੀਂ ਤੇਰੀ
ਕੀਲ ਕੇ ਲੈ ਗਈ ਨੀਂ...

ਵੇਖੀਂ ਨਾ ਪਾਸਾ ਮੱਲ ਜੀਂ
ਬਣਕੇ ਨੀਂ ਦਿਲ ਦਾ ਟੁਕੜਾ
ਸੋਂਹ ਰੱਬ ਦੀ ਨੀਂ ਭੁੱਲਿਆਂ ਜਾਣਾ
ਚੰਨ ਜਿਹਾ ਤੇਰਾ ਮੁੱਖੜਾ...

ਹਾਲੇ ਵੀ ਕਦਮ ਬੋਚ ਲੈ
ਜੋ ਸਾਡੇ ਵੱਲ ਪੁੱਟ ਰਹੀਂ ਐਂ
ਸਾਂਭਲਾ ਮੀਡੀ ਗੁੰਦ ਕੇ
ਜ਼ੁਲਫ਼ਾਂ ਜੋ ਸੁੱਟ ਰਹੀਂ ਐਂ...

ਨਾਲ਼ੇ ਨੀਂ ਨੈਣ ਰੋਕ ਲਾ
ਵਾਰ ਸਿੱਧਾ ਜੋ ਕਰਦੇ ਨੇ

ਵੇਖੀਂ ਨੀਂ ਬਿਨਾਂ ਇਜਾਜ਼ਤ
ਅੰਦਰ ਦੀਆਂ ਪੜਦੇ ਨੇ ...

ਉੱਖੜੇ ਹੋਏ ਰਾਹਵਾਂ ਵਰਗੇ
ਚੇਤੇ ਵਿਚ ਰਹਿਣੇ ਨੀਂ...
ਸਾਹਾਂ ਨੇ ਬੀਤ ਹੀ ਜਾਣਾਂ
ਪਰ ਭੁੱਲਣੇ ਇਹ ਪੈਣੇਂ ਨੀਂ...

ਵਣਾਂ ਦੀ ਚੁੱਪ ਨਾਲਦੇ
ਸਿੱਧੇ ਜਿਹੇ ਅਲਫਾਜ਼ ਰਕਾਨੇ
ਦੱਸੇ ਨੀਂ ਲਿਖ ਬੋਲ ਕੇ ਜਾਂਣੇ
ਕੁਝ ਡੂੰਘੇ ਜਿਹੇ ਰਾਜ਼ ਰਕਾਨੇ...

ਦਿਲ ਨੂੰ ਦੇ ਲਵੀਂ ਤਸੱਲੀ
ਚੱਲ ਵਕਤ ਜਿਹਾ ਤੁਰ ਗਿਆ ਏ
ਬਣਾਇਆ ਸੀ ਮਹਿਲ ਰੇਤ ਦਾ
ਪਾਣੀ ਨਾਲ ਖੁਰ ਗਿਆ ਏ...

ਚੱਲ ਅਗਲੇ ਨੀਂ ਜਨਮ ਮਿਲਾਂਗੇ
ਬਣਕੇ ਨੀਂ ਹਾਣੋ ਹਾਣੀ
ਏਸੇ ਤਾਂ ਉਮਰ ਰਕਾਨੇ
ਐਨੀ ਸੀ ਆਪਣੀ ਕਹਾਣੀ...

ਹੱਥੀਂ ਤੂੰ ਕਲਮ ਨੂੰ ਚੁੱਕ ਲੀਂ
ਜੇ ਜਜ਼ਬਾਤ ਨਾ ਸਾਂਭ ਹੋਏ

ਲਿਖਕੇ ਸੁਖ ਨੂੰ ਤੂੰ ਬੇਵਫਾ
ਕਹਿੰਦੀ ਐਨੀ ਨਾ ਤਾਂਘ ਹੋਏ...

ਬੋਝ ਵੀ ਲੱਥ ਦੇਵੀਂ
ਮੇਰੀ ਜੋ ਯਾਦ ਦਾ ਚੁੱਕਿਆ
ਮੰਜ਼ਿਲ ਨੀਂ ਕੋਈ ਏਸ ਦੀ
ਤਾਹੀਂ ਰਾਹ ਵਿਚਕਾਰ ਹੈ ਮੁੱਕਿਆ...

ਹੰਝੂ ਜੋ ਅੱਖੀਓਂ ਵਹਿਣੇ
ਸਿਆਹੀ ਭਰ ਵਰਤ ਲਵੀਂ
ਆਖ਼ਰੀ ਤੇਰੇ ਲਈ ਕੁਝ ਲਫਜ਼ ਲਿਖੇ ਨੇ
ਆਪੇ ਕੱਢ ਤਰਕ ਲਵੀਂ...

ਦੁਨੀਆਂ ਨੂੰ ਦੱਸ ਦੇਵੀਂ
ਖੱਟਿਆ ਕੀ ਪਿਆਰਾਂ ਚੋਂ
ਨਫ਼ਰਤ ਹੀ ਨਫ਼ਰਤ ਹੋ ਗਈ
ਕੱਚੇ ਇਹ ਇਤਬਾਰਾ ਤੋਂ...
ਨਫ਼ਰਤ ਹੀ ਨਫ਼ਰਤ ਹੋ ਗਈ
ਕੱਚੇ ਇਹ ਇਤਬਾਰਾ ਤੋਂ..

ਹੋਰ ਕੋਈ ਵਜ੍ਹਾ ਨਹੀਂ,
ਬਸ ਇੱਕੋ ਗੱਲ ਦਾ ਦੁੱਖ ਸੀ
ਜਿਸਤੇ ਮੈਂ ਇਤਬਾਰ ਕਰਿਆ
ਜਿਸਨੇ ਮੇਰੇ ਤੋਂ ਜੀਣ ਦੀ ਵਜ੍ਹਾ ਖੋਈ

ਜਿਹਨੇ ਜਿਉਂਦੇ ਜੀ ਮੁਕਾ ਮਾਰਿਆ
ਉਹ ਚੰਦਰੇ ਦਾ ਨਾਮ ਵੇਖੋ ਸੁਖ ਸੀ....

ਅਖੀਰ ਸੁਖ ਨੇ ਸ਼ਹਿਰ ਜਾਣਾਂ ਵੀ ਬੰਦ ਕਰ ਦਿੱਤਾ, ਦੁਪਹਿਰ ਦਾ ਸਮਾਂ ਵਿਚ ਮੰਮੀ ਪਿੰਡ ਤਾਏ ਕੇ ਘਰ ਗਏ ਸੀ, ਅਲਫ਼ ਸੌਂ ਰਹੀ ਸੀ,ਚੰਨਨ ਕੋਲ਼ ਬੈਠੀ ਸੂਟ ਬਣਾ ਰਹੀ ਸੀ,ਸੁਖ ਚੰਨਨ ਨੂੰ ਬੋਲਿਆ, ਚੰਨਨ ਤੈਨੂੰ ਪਤਾ ਮੈਂ ਸਾਰਾ ਦਿਨ ਕੀ ਸੋਚਦਾਂ ਰਹਿਣਾਂ

ਚੰਨਨ : ਕੀ ਸੋਚਦੇ ਰਹਿਣੇ ਹੋ

ਸੁਖ : ਚੰਨਨ ਮੈਂ ਤੈਨੂੰ ਬਹੁਤ ਝੂਠ ਬੋਲਿਆ

ਚੰਨਨ : ਤੁਸੀਂ ਸਾਫ ਸਾਫ ਗੱਲ ਦੱਸੋ

ਸੁਖ : ਜੋ ਤੁਸੀਂ ਡਾਇਰੀ ਨਹੀਂ ਪੜੀ ਸੀ, ਅਲਫ਼ਨੂਰ ਦੀ

ਚੰਨਨ : ਹਾਂ ਜੀ

ਸੁਖ : ਉਹ ਅਲਫ਼ਨੂਰ ਨੂੰ ਮੈਂ ਆਪਣੇ ਵਿਆਹ ਤੋਂ ਬਾਅਦ ਵੀ ਮਿਲ਼ਣ ਜਾਂਦਾ ਰਿਹਾਂ ਹਾਂ

ਚੰਨਨ : ਇਹ ਕੀ ਬੋਲ ਰਹੇ ਹੋ ਤੁਸੀਂ

ਸੁਖ : ਇਹ ਸੱਚ ਹੈ

ਚੰਨਨ : ਫੇਰ ਹੁਣ ਮੈਨੂੰ ਕਿਉਂ ਦੱਸ ਰਹੇ ਹੋ, ਨਾਲ਼ੇ ਉਸਦਾ ਤਾਂ ਵਿਆਹ ਹੋ ਗਿਆ ਸੀ

ਸੁਖ : ਹਾਂ ਪਰ ਉਸਨੇ ਤਲਾਕ ਦੇ ਦਿੱਤਾ

ਚੰਨਨ : ਕਿਉਂ ਤਲਾਕ ਕਿਉਂ ਦੇ ਦਿੱਤਾ

ਸੁਖ : ਉਹਦੇ ਘਰਵਾਲਾ ਸ਼ਰਾਬ ਜਿਆਦਾ ਪੀਂਦਾ ਸੀ

ਚੰਨਨ : ਅੱਛਾ ਤੇ ਹੁਣ ਕਿੱਥੇ ਰਹਿੰਦੀ ਹੈ ਉਹ

ਸੁਖ : ਅੰਮ੍ਰਿਤਸਰ ਇੱਕ ਬੱਚਾ ਗੋਦ ਲੈ ਲਿਆ ਹੈ

ਚੰਨਨ : ਅੱਛਾ ਕਿ ਵੈਸੇ ਜਿਸ ਦਿਨ ਤੁਸੀਂ ਉਸਨੂੰ ਪਹਿਲੀ ਵਾਰ ਮਿਲਣ ਗਏ ਸੀ, ਮੈਨੂੰ ਪਤਾ ਉਸ ਦਿਨ ਹੀ ਲੱਗ ਗਿਆ ਸੀ, ਕਿਉਂਕਿ ਉਸੇ ਹੀ ਬੱਸ ਵਿਚ ਮੇਰੀ ਇੱਕ ਸਹੇਲੀ ਸੀ, ਜਿਸ ਨੇ ਉਸੇ ਵਕ਼ਤ ਮੈਨੂੰ ਫੋਨ ਕਰ ਦਿੱਤਾ ਸੀ, ਮੈਂ ਫੋਨ ਵੀ ਕਰਿਆ ਸੀ ਤੁਹਾਨੂੰ ਤੁਸੀਂ ਇਹ ਕਹਿ ਕੱਟ ਦਿੱਤਾ ਸੀ ਕਿ ਮੈਂ ਬੱਸ ਵਿਚ ਆ, ਮੈਂ ਅੱਗੋਂ ਕੋਈ ਵੀ ਸਵਾਲ ਨਹੀਂ ਸੀ ਕੀਤਾ ,ਬਾਕੀ ਤੁਹਾਡੇ ਫੋਨ ਤੇ ਆਉਂਦੇ ਅਲਫ਼ਨੂਰ ਦੇ ਮੈਸਜ ਮੈਂ ਤੁਹਾਡੇ ਸੌਣ ਤੋਂ ਬਾਅਦ ਕਈ ਵਾਰ ਪੜ੍ਹੇ ਨੇ

ਸੁਖ : ਚੰਨਨ ਤੂੰ ਮੈਨੂੰ ਮਾਫ਼ ਕਰ ਦੇਈਂ, ਮੈਂ ਹੁਣ ਕਦੇ ਵੀ ਅਲਫ਼ਨੂਰ ਨੂੰ ਮਿਲਣ ਨਹੀਂ ਜਾਂਦਾ

ਚੰਨਨ : ਨਹੀਂ ਉਹ ਤੁਹਾਡੇ ਬਿਨਾਂ ਮਰ ਜਾਵੇਗੀ

ਸੁਖ : ਨਹੀਂ , ਉਸਨੇ ਤਾਂ ਇੱਕ ਮਹੀਨੇ ਤੋਂ ਫੋਨ ਜਾਂ ਮੈਸਜ਼ ਵੀ ਨਹੀਂ ਕਰਿਆ।

ਚੰਨਨ : ਕੀ ਪਤਾ ਉਹ ਕਿਥੇ ਦਿੱਕਤ ਪ੍ਰੇਸ਼ਾਨੀ ਵਿਚ ਹੋਵੇ

ਸੁਖ : ਪਰ ਮੈਂ ਤਾਂ ਕਦੇ ਇਹ ਸੋਚਿਆ ਹੀ ਨਹੀਂ

ਚੰਨਨ : ਤੁਹਾਨੂੰ ਇੱਕ ਵਾਰ ਜਰੂਰ ਜਾਣਾਂ ਚਾਹੀਦਾ ਹੈ,ਜੇ ਤੁਸੀਂ ਨਹੀਂ ਦੁਬਾਰਾ ਮਿਲਣਾ ਚਾਹੁੰਦੇ ਤਾਂ ਇੱਕ ਵਾਰ ਉਸਨੂੰ ਦੱਸਣਾਂ ਜ਼ਰੂਰੀ ਹੈ, ਕਿਸੇ ਦੀ ਉਡੀਕ ਬਣਨ ਨਾਲੋਂ, ਕਿਸੇ ਦੀ ਅਧੂਰੀ ਮੰਜ਼ਿਲ ਬਣ ਜਾਇਆ ਜਾਏ, ਘੱਟੋ-ਘੱਟ ਉਹ ਉਡੀਕ ਤੇ ਨਾ ਕਰੇਗੀ

ਸੁਖ : ਚੰਨਨ ਸੱਚ ਦੱਸਾਂ,ਮੇਰਾ ਸਿਰ ਹਲਕਾ ਹਲਕਾ ਜਿਹਾ ਹੋ ਗਿਆ, ਮੈਂ ਇਸੇ ਐਤਵਾਰ ਹੀ ਉਸਨੂੰ ਮਿਲਣ ਜਾਵਾਂਗਾ

ਚੰਨਨ : ਜੀ, ਹੁਣ ਤੁਸੀਂ ਆਰਾਮ ਕਰ ਲਵੋ,

ਸੁਖ : ਹਾਂ

ਸੁਖ ਨੂੰ ਲੱਗਿਆ ਕਿ ਸਭ ਸਹੀ ਹੋ ਗਿਆ ਹੁਣ ਚੰਨਨ ਨੂੰ ਵੀ ਸਭ ਪਤਾ ਲੱਗ ਗਿਆ,ਤੇ ਅਲਫ਼ਨੂਰ ਨੂੰ ਵੀ ਮੈਂ ਸਭ ਦੇਣਾ ਹੈ,ਪਰ ਹੁਣ ਇੱਕ ਸਵਾਲ ਨਹੀਂ ਸੀ ਸਮਝ ਕਿ

ਅਲਫ਼ਨੂਰ ਨੇ ਫੋਨ ਕਿਉਂ ਬੰਦ ਕਰ ਦਿੱਤਾ, ਓਧਰ ਚੰਨਨ ਬੇਸ਼ੱਕ ਸੁਖ ਦੇ ਸਾਹਮਣੇ ਤਾਂ ਆਪਣੇ ਆਪ ਨੂੰ ਬੜਾ ਖੁਸ਼ ਹੋਣ ਦਾ ਦਿਖਾਵਾ ਕਰ ਰਹੀ ਸੀ, ਪਰ ਲੁੱਕ ਲੁੱਕ ਕੇ ਰੋ ਰਹੀ ਸੀ ਕਿਉਂਕਿ ਇੱਕ ਔਰਤ ਆਪਣਾ ਸਭ ਕੁਝ ਵੰਡ ਸਕਦੀ ਹੈ ਪਰ ਉਹ ਆਪਣਾ ਪਤੀ ਕਦੇ ਨਹੀਂ ਵੰਡ ਸਕਦੀ, ਸੁਖ ਐਤਵਾਰ ਨੂੰ ਅਲਫ਼ਨੂਰ ਨੂੰ ਮਿਲਣ ਚਲਾ ਗਿਆ,ਸੁਖ ਨੇ ਬਹੁਤ ਵਾਰ ਨੰਬਰ ਲਾਇਆ,ਪਰ ਉਹ ਬੰਦ ਹੀ ਆ ਰਿਹਾ ਸੀ, ਅਖੀਰ ਅਜੇ ਬੱਸ , ਬੱਸ ਸਟੈਂਡ ਰੁੱਕੀ ਹੀ ਸੀ,ਕਿ ਜ਼ੋਰ ਦੀ ਮੀਂਹ ਪੈਣ ਲੱਗ ਗਿਆ, ਚਾਰ ਵੱਜ ਗਏ ਸਨ,ਸਵਾ ਪੰਜ ਵਜੇ ਮੀਂਹ ਹਟਿਆ, ਸੁਖ ਨੇ ਟੈਕਸੀ ਫੜੀ ਤੇ ਅਲਫ਼ਨੂਰ ਦੇ ਘਰ ਦੇ ਪਤੇ ਤੇ ਪਹੁੰਚਾਉਣ ਲਈ ਕਿਹਾ,ਪਰ ਜਦੋਂ ਉਹ ਓਥੇ ਪਹੁੰਚਿਆ ਤਾਂ ਵੇਖ ਕੇ ਹੈਰਾਨ ਸੀ ਕਿ ਘਰ ਨੂੰ ਜੀਂਦਾ ਲੱਗਿਆ ਹੋਇਆ ਸੀ,ਸੁਖ ਨੇ ਟੈਕਸੀ ਵਾਲੇ ਨੂੰ ਉਥੇ ਰੁੱਕਣ ਲਈ ਕਿਹਾ,ਤੇ ਆਪ ਆਸੇ ਪਾਸੇ ਦੇ ਘਰਾਂ ਵਿਚੋਂ ਅਲਫ਼ਨੂਰ ਦੀ ਉੱਘ ਸੁੱਘ ਲੈਣ_ਲੱਗਾ, ਪਰ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ, ਸਾਰੇ ਬੋਲ ਰਹੇ ਸਨ ਕਿ ਇੱਕ ਮਹੀਨੇ ਤੋਂ ਅਲਫਨੂਰ ਨੂੰ ਕਿਸੇ ਨੇ ਨਹੀਂ ਵੇਖਿਆ ਹੈ, ਅਖੀਰ ਥੱਕ ਹਾਰ ਕੇ ਜਦੋਂ ਸੁਖ ਨੂੰ ਕੁਝ ਪਤਾ ਨਾ ਲੱਗਿਆ ਤਾਂ ਉਹ ਵਾਪਿਸ ਆਪਣੇ ਸ਼ਹਿਰ ਵਾਲ਼ੀ ਬੱਸ ਵਿਚ ਬੈਠ ਗਿਆ, ਉਹ ਸਾਰੇ ਰਾਹ ਅਲਫ਼ਨੂਰ ਬਾਰੇ ਹੀ ਸੋਚਦਾ ਰਿਹਾ,ਉਸਦੇ ਮਨ ਵਿਚ ਭੈੜੇ ਭੈੜੇ ਖ਼ਿਆਲ ਆਉਣ ਲੱਗੇ ਕਿ ਕਿਤੇ ਅਲਫ਼ਨੂਰ ਨੇ ਆਤਮ-ਹੱਤਿਆ ਤੇ ਨਹੀਂ ਕਰ ਲਈ, ਪਰ ਫੇਰ ਸੋਚਦਾ ਨਹੀਂ ਉਹ ਐਦਾਂ ਕਿਵੇਂ ਕਰ ਸਕਦੀ ਹੈ, ਬਾਕੀ ਫੇਰ ਕਿਸੇ ਨਾ ਕਿਸੇ ਨੂੰ ਤਾਂ ਪਤਾ ਲੱਗ ਹੀ ਜਾਣਾਂ ਸੀ,ਸੁਖ ਨੇ ਘਰ ਆ ਚੰਨਨ ਨੂੰ ਸਭ ਦੱਸਿਆ, ਉਸਦਾ ਵੀ ਚਿਹਰਾ ਉੱਡ ਗਿਆ ਕਿ ਅਚਾਨਕ ਅਲਫ਼ਨੂਰ ਕਿਦਾਂ ਗਾਇਬ ਹੋ ਗਈ, ਉਸਨੇ ਸੁਖ ਨੂੰ ਹਿੰਮਤ ਨਾ ਹਾਰਨ ਦਾ ਦਿਲਾਸਾ ਦਿੱਤਾ ਤੇ ਕਿਹਾ ਕਿ ਹੋ ਸਕਦਾ ਉਹ ਆਪਣੇ ਪਿੰਡ ਚਲੀ ਗਈ ਹੋਵੇ, ਪਰ ਸੁਖ ਨੂੰ ਕੁਝ ਵੀ ਨਹੀਂ ਸੀ ਸੁਣ ਰਿਹਾ ਉਹ ਬੇਹੋਸ਼ ਹੋ ਬੈੱਡ ਤੇ ਡਿੱਗ ਪਿਆ

---

ਅਲਫ਼ਨੂਰ ਤੇ ਸੁਖ ਅਚਾਨਕ ਮਿਲੇ ਅਚਾਨਕ ਦੂਰ ਹੋ ਗਏ, ਅਲਫ਼ਨੂਰ ਸੁਖ ਨੂੰ ਐਨਾ ਪਿਆਰ ਕਰਦੀ ਸੀ ਫੇਰ ਅਚਾਨਕ ਬਿਨਾਂ ਦੱਸੇ ਉਹ ਸਭ ਕੁਝ ਕਿਦਾਂ ਬੰਦ ਕਰ ਸਕਦੀ ਹੈ ਨਾ ਫੋਨ ਨਾ ਮੈਸਜ਼, ਫੇਰ ਉਸਦੇ ਘਰ ਨੂੰ ਜੀਂਦਾ ਲੱਗਿਆ ਹੋਇਆ ਹੈ ਇਸ ਦਾ ਕੀ ਕਾਰਨ ਹੋ ਸਕਦਾ ਕੀ ਅਲਫ਼ਨੂਰ ਦੀ ਮੌਤ ਹੋ ਗਈ ਜਾਂ ਫੇਰ ਉਹ ਆਪਣੇ ਪਿੰਡ ਚਲੀ ਗਈ, ਜਾਂ ਫੇਰ ਉਹ ਕਿਸੇ ਹੋਰ ਮੁਸੀਬਤ ਦੇ ਵਿਚ ਫੱਸ ਚੁੱਕੀ ਹੈ, ਇਹਨਾਂ ਹੀ ਸਵਾਲਾਂ ਦੇ ਜਵਾਬ ਲੈਕੇ ਜਲਦ ਹੀ ਅਗਲੇ ਭਾਗ ਵਿਚ ਤੁਹਾਡੇ ਰੂਬਰੂ ਹੋਵਾਂਗੇ।

*****

ਨੋਟ : ਜਲਦੀ ਹੀ ਸਾਡੀ ਇੱਕ ਨਿੱਕੀ ਜਿਹੀ ਕੋਸ਼ਿਸ਼, ਇੱਕ ਨਵੀਂ ਸ਼ੁਰੂਆਤ ( ਕਾਵਿ-ਸੰਗ੍ਰਹਿ ) ਕਿਤਾਬ ਰਾਹੀਂ ਤੁਹਾਡੇ ਰੁਬਰੂ ਹੋ ਰਹੀ ਆ,ਆਸ ਹੈ ਤੁਸੀਂ ਸਾਡੀਆਂ ਇਹਨਾਂ ਕਹਾਣੀਆਂ ਵਾਂਗ ਇਸ ਕਿਤਾਬ ਨੂੰ ਵੀ ਪਿਆਰ ਦੇਵੋਂਗੇ,ਇਸ ਕਿਤਾਬ ਬਾਰੇ ਵਧੇਰੇ ਜਾਣਕਾਰੀ ਲਈ ਤੇ ਇਸ ਕਿਤਾਬ ਨੂੰ ਘਰ ਮੰਗਵਾਉਣ ਲਈ, ਤੁਸੀਂ ਹੇਠ ਲਿਖੇ ਨੰਬਰ ਤੇ ਸੰਪਰਕ ਜਾਂ ਮੈਸਜ਼ ਕਰ ਸਕਦੇ ਹੋ।

ਆਪ ਸਭ ਜੀ ਦਾ ਬਹੁਤ ਬਹੁਤ ਧੰਨਵਾਦ ਜੀ 🙏🙏🙏

**✍ ਸੁਖਦੀਪ ਸਿੰਘ ਰਾਏਪੁਰ**

ਨੋਟ : ਇਸ ਕਹਾਣੀ ਬਾਰੇ ਆਪਣੇ ਵਿਚਾਰ ਅਤੇ ਇਸ ਕਹਾਣੀ ਦਾ ਅਗਲਾ ਭਾਗ ਪੜ੍ਹਨ ਲਈ ਤੇ ਹੋਰਨਾਂ ਕਹਾਣੀਆਂ ਨੂੰ ਪੜ੍ਹਨ ਲਈ ਤੁਸੀਂ ਸਾਡੇ ਇਹਨਾਂ ਨੰਬਰਾਂ ਤੇ ਸੰਪਰਕ ਜਾਂ ਵਾੱਸਟਅੱਪ ਮੈਸਜ ਕਰ ਸਕਦੇ ਹੋ।

ਸੁਖਦੀਪ ਸਿੰਘ ਰਾਏਪੁਰ ( 8699633924 )

ਈ-ਮੇਲ : writersukhdeep@gmail.com

ਇੰਸਟਾਗ੍ਰਾਮ : @im_sukhdep

**To read more story books from**

**Sukhdeep**

**visit**

**www.PunjabiLibrary.com**

